Greater Western Water

# ਪਰਿਵਾਰਕ ਅਤੇ ਘਰੇਲੂ ਹਿੰਸਾ ਨੀਤੀ

ਪਰਿਵਾਰਕ ਅਤੇ ਘਰੇਲੂ ਹਿੰਸਾ ਦਾ ਲੋਕਾਂ ਦੇ ਜੀਵਨ 'ਤੇ ਗੰਭੀਰ ਅਸਰ ਪੈਂਦਾ ਹੈ, ਅਤੇ ਹਰ ਕੋਈ ਸੁਰੱਖਿਅਤ ਅਤੇ ਸਤਿਕਾਰਯੋਗ ਰਿਸ਼ਤਿਆਂ ਦਾ ਹੱਕਦਾਰ ਹੈ।

### ਸਾਡੀ ਵਚਨਬੱਧਤਾ

ਗ੍ਰੇਟਰ ਵੈਸਟਰਨ ਵਾਟਰ (Greater Western Water) ਵਿਖੇ ਅਸੀਂ ਪਰਿਵਾਰਕ ਅਤੇ ਘਰੇਲੂ ਹਿੰਸਾ ਤੋਂ ਪ੍ਰਭਾਵਿਤ ਸਾਰੇ ਗਾਹਕਾਂ ਦੀ ਸਹਾਇਤਾ ਕਰਦੇ ਹਾਂ। ਅਸੀਂ ਸਮਝਦੇ ਹਾਂ ਕਿ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਕਈ ਰੂਪ ਹੁੰਦੇ ਹਨ ਅਤੇ ਕੁਝ ਲੋਕ ਪਰਿਵਾਰਕ ਹਿੰਸਾ ਲਈ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ ਜਿਵੇਂ ਕਿ ਬੱਚੇ, ਔਰਤਾਂ, ਅਪਾਹਜ ਲੋਕ, ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ, ਸਭਿਆਚਾਰਕ ਅਤੇ ਭਾਸ਼ਾਈ ਪੱਖੋਂ ਵੰਨ-ਸੁਵੰਨੇ ਪਿਛੋਕੜਾਂ ਦੇ ਲੋਕ, ਬਜ਼ੁਰਗ ਵਿਅਕਤੀ ਅਤੇ LGBTQIA+ ਵਜੋਂ ਆਪਣੀ ਪਛਾਣ ਕਰਨ ਵਾਲੇ ਲੋਕ।

### ਅਸੀਂ ਕਿਵੇਂ ਮਦਦ ਕਰ ਸਕਦੇ ਹਾਂ

ਜੇ ਤੁਸੀਂ ਪਰਿਵਾਰਕ ਜਾਂ ਘਰੇਲੂ ਹਿੰਸਾ ਦਾ ਸਾਹਮਣਾ ਕਰ ਰਹੇ ਹੋ, ਤਾਂ ਅਸੀਂ:

- ਤੁਹਾਨੂੰ ਸਾਡੀ ਕਮਿਊਨਿਟੀ ਐਂਡ ਕੇਅਰ ਟੀਮ ਰਾਹੀਂ ਖਾਸ ਸਹਾਇਤਾ ਦੇਵਾਂਗੇ।
- ਤੁਹਾਡੀ ਜਾਣਕਾਰੀ ਨੂੰ ਨਿੱਜੀ ਅਤੇ ਗੁਪਤ ਰੱਖਾਂਗੇ।
- ਤੁਹਾਡੇ ਖਾਤੇ ਦਾ ਸੁਰੱਖਿਅਤ ਢੰਗ ਨਾਲ ਪ੍ਰਬੰਧਨ ਕਰਨ ਵਿੱਚ ਮਦਦ ਕਰਾਂਗੇ, ਖਾਸ ਕਰਕੇ ਜੇ ਇਹ ਇੱਕ ਸਾਂਝਾ (ਜੌਇੰਟ) ਖਾਤਾ ਹੈ।
- ਭੁਗਤਾਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਮੁਸ਼ਕਲਾਂ ਨਾਲ ਨਜਿੱਠਣ ਲਈ ਤੁਹਾਡੇ ਨਾਲ ਮਿਲਕੇ ਕੰਮ ਕਰਾਂਗੇ।
- ਤੁਹਾਡੀ ਨਿੱਜੀ ਜਾਣਕਾਰੀ ਨੂੰ ਉਨ੍ਹਾਂ ਲੋਕਾਂ ਤੋਂ ਬਚਾਵਾਂਗੇ ਜੋ ਉਸ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਸਕਦੇ ਹਨ।
- ਜਦੋਂ ਤੁਹਾਨੂੰ ਲੋੜ ਹੋਵੇਗੀ, ਤਾਂ ਤੁਹਾਨੂੰ ਦੂਜੀਆਂ ਸਹਾਇਤਾ ਸੇਵਾਵਾਂ ਨਾਲ ਜੋੜਾਂਗੇ।
- ਤੁਹਾਨੂੰ ਸੰਪਰਕ ਕਰਨ ਲਈ ਇੱਕ ਸਿੱਧਾ ਨੰਬਰ ਅਤੇ ਈਮੇਲ ਦੇਵਾਂਗੇ ਤਾਂ ਜੋ ਤੁਹਾਨੂੰ ਆਪਣੀ ਕਹਾਣੀ ਵਾਰ-ਵਾਰ ਨਾ ਦੱਸਣੀ ਪਵੇ।

### ਵਿੱਤੀ ਸਹਾਇਤਾ ਉਪਲਬਧ ਹੈ

ਅਸੀਂ ਮੰਨਦੇ ਹਾਂ ਕਿ ਪਰਿਵਾਰਕ ਹਿੰਸਾ ਕਾਰਨ ਭੁਗਤਾਨ ਵਿੱਚ ਮੁਸ਼ਕਲਾਂ ਆ ਸਕਦੀਆਂ ਹਨ।

ਅਸੀਂ ਇਨ੍ਹਾਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ:

- ਲਚਕਦਾਰ ਭੁਗਤਾਨ ਪ੍ਰਬੰਧ।
- ਸਰਕਾਰੀ ਗ੍ਰਾਂਟਾਂ ਅਤੇ ਛੋਟਾਂ।
- ਤੁਹਾਡੇ ਪਾਣੀ ਦੇ ਬਿੱਲ 'ਤੇ ਕਰਜ਼ੇ ਨਾਲ ਨਜਿੱਠਣ ਜਾਂ ਇਸਨੂੰ ਘਟਾਉਣ ਦੇ ਵਿਕਲਪ।
- ਤੁਹਾਡੀ ਪਾਣੀ ਦੀ ਵਰਤੋਂ ਅਤੇ ਬਿੱਲਾਂ ਨੂੰ ਘਟਾਉਣ ਦੇ ਤਰੀਕੇ।
- ਕਰਜ਼ਾ ਵਸੂਲੀ ਜਾਂ ਸਪਲਾਈ 'ਤੇ ਪਾਬੰਦੀਆਂ ਤੋਂ ਸੁਰੱਖਿਆ।

### ਤੁਹਾਡੀ ਨਿੱਜਤਾ ਅਤੇ ਸੁਰੱਖਿਆ

ਅਸੀਂ ਤੁਹਾਡੀ ਨਿੱਜਤਾ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ। ਜਦੋਂ ਤੁਸੀਂ ਸਾਨੂੰ ਪਰਿਵਾਰਕ ਹਿੰਸਾ ਦੀ ਕਿਸੇ ਸਥਿਤੀ ਬਾਰੇ ਦੱਸੋਗੇ:

- ਅਸੀਂ ਤੁਹਾਡੇ ਖਾਤੇ 'ਤੇ ਵਿਸ਼ੇਸ਼ ਸੁਰੱਖਿਆ ਪ੍ਰਬੰਧ ਲਾਗੂ ਕਰਾਂਗੇ।
- ਸਿਰਫ਼ ਉਹੀ ਕਰਮਚਾਰੀ ਤੁਹਾਡੀ ਨਿੱਜੀ ਜਾਣਕਾਰੀ ਨੂੰ ਦੇਖ ਸਕਣਗੇ ਜਿਨ੍ਹਾਂ ਨੂੰ ਪਰਿਵਾਰਕ ਅਤੇ ਘਰੇਲੂ ਹਿੰਸਾ ਨਾਲ ਸਬੰਧਤ ਖਾਸ ਟ੍ਰੇਨਿੰਗ ਮਿਲੀ ਹੋਈ ਹੈ।
- ਅਸੀਂ ਤੁਹਾਡੇ ਨਾਲ ਸੰਪਰਕ ਕਰਨ ਵਿੱਚ ਬਹੁਤ ਸਾਵਧਾਨੀ ਵਰਤਾਂਗੇ।
- ਤੁਹਾਡੀ ਨਿੱਜਤਾ ਦੀ ਰਾਖੀ ਕਰਨ ਅਤੇ ਤੁਹਾਨੂੰ ਸੁਰੱਖਿਅਤ ਰੱਖਣ ਲਈ ਸਾਂਝੇ ਖਾਤਿਆਂ ਨੂੰ ਵਾਧੂ ਧਿਆਨ ਨਾਲ ਸੰਭਾਲਿਆ ਜਾਵੇਗਾ।
- ਅਸੀਂ ਉਚਿਤ ਮਾਹਰ ਪਰਿਵਾਰਕ ਹਿੰਸਾ ਸੇਵਾਵਾਂ ਲਈ ਸਿਫਾਰਸ਼ਾਂ ਪ੍ਰਦਾਨ ਕਰਾਂਗੇ।

## ਮਦਦ ਪ੍ਰਾਪਤ ਕਰਨਾ

ਤੁਸੀਂ ਇਨ੍ਹਾਂ ਤਰੀਕਿਆਂ ਨਾਲ ਸਹਿਯੋਗ ਪ੍ਰਾਪਤ ਕਰ ਸਕਦੇ ਹੋ:

- ਸਾਡੀ ਕਮਿਊਨਿਟੀ ਐਂਡ ਕੇਅਰ ਟੀਮ ਨਾਲ ਗੱਲ ਕਰਨ ਲਈ ਸਾਨੂੰ ਕਾਲ ਕਰੋ
- ਕਿਸੇ ਸਪੋਰਟ ਵਰਕਰ ਜਾਂ ਵਿੱਤੀ ਸਲਾਹਕਾਰ ਨੂੰ ਕਹੋ ਕਿ ਉਹ ਤੁਹਾਡੀ ਤਰਫੋਂ ਸਾਡੇ ਨਾਲ ਸੰਪਰਕ ਕਰੇ
- ਸਹਿਯੋਗ ਸੇਵਾਵਾਂ ਬਾਰੇ ਜਾਣਕਾਰੀ ਵਾਸਤੇ ਸਾਡੀ ਵੈੱਬਸਾਈਟ 'ਤੇ ਜਾਓ

## ਸਾਡੇ ਨਾਲ ਸੰਪਰਕ ਕਰੋ

ਜੇ ਤੁਹਾਨੂੰ ਮਦਦ ਦੀ ਲੋੜ ਹੈ ਤਾਂ ਤੁਸੀਂ ਇਹ ਕਰ ਸਕਦੇ ਹੋ:

- ਸਾਨੂੰ 13 44 99 'ਤੇ ਕਾਲ ਕਰੋ ਅਤੇ ਤਰਜੀਹੀ ਸਹਾਇਤਾ ਲਈ ਪਰਿਵਾਰਕ ਹਿੰਸਾ (family violence) ਮੀਨੂ ਵਿਕਲਪ ਦੀ ਚੋਣ ਕਰੋ।
- ਸਾਡੀ ਵੈੱਬਸਾਈਟ gww.com.au 'ਤੇ ਜਾਓ

ਅਸੀਂ ਤੁਹਾਨੂੰ ਸਹਿਯੋਗ ਦੇਣ ਲਈ ਇੱਥੇ ਮੌਜੂਦ ਹਾਂ ਅਤੇ ਤੁਹਾਡੀ ਸਥਿਤੀ ਨੂੰ ਪੂਰੀ ਦੇਖਭਾਲ, ਆਦਰ ਅਤੇ ਗੋਪਨੀਯਤਾ ਨਾਲ ਸੰਭਾਲਾਂਗੇ।

*ਇਹ ਸਾਡੀ ਪੂਰੀ ਪਾਲਿਸੀ ਦਾ ਇੱਕ ਅਸਾਨ ਰੂਪ ਹੈ। ਸਾਡੀ ਪੂਰੀ ਪਾਲਿਸੀ ਦੇਖਣ ਵਾਸਤੇ, ਇਸ ਵੈੱਬਸਾਈਟ 'ਤੇ ਜਾਓ gww.com.au*